ਆਨਲਾਈਨ ਈ-ਪੇਪਰ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

09 390 4644



The true picture of your local community

NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News








23 January 2019 Daily, editornztasveer@gmail.com designnztasveer@gmail.com Ph/Fax: 09 390 4644 FREE


# ਆਕਲੈਂਡ ਦੇ ਹੈਂਪਟਨ ਪਾਰਕ 'ਚ ਕਬੱਡੀ ਅਤੇ ਵਾਲੀਵਾਲ ਦੇ ਮੁਕਾਬਲੇ 28 ਜਨਵਰੀ ਨੂੰ

## ਪਹਿਲਾ ਇਨਾਮ 1800 ਡਾਲਰ, ਦੂਜਾ ਇਨਾਮ 1500 ਡਾਲਰ ਅਤੇ ਵਾਲੀਬਾਲ ਵਿਚ ਪਹਿਲਾ ਇਨਾਮ 800 ਡਾਲਰ ਅਤੇ ਦੂਜਾ ਇਨਾਮ 500 ਡਾਲਰ ਰੱਖਿਆ ਗਿਆ



ਆਕਲੈਂਡ (ਐਨ ਜ਼ੈੱਡ ਤਸਵੀਰ ਬਿਊਰੋ) ਆਕਲੈਂਡ ਦੇ 'ਚ ਸਿੱਖ ਕੌਂਸਲ ਆਫ ਨਿਊਜ਼ੀਲੈਂਡ ਵੱਲੋਂ ਕਬੱਡੀ ਫੈਡਰੇਸ਼ਨ ਆਫ ਨਿਊਜ਼ੀਲੈਂਡ ਦੀ ਸਰਪ੍ਰਸਤੀ ਹੇਠ ਵਾਲੀਬਾਲ ਅਤੇ ਕਬੱਡੀ ਦੇ ਮੁਕਾਬਲੇ ਹੈਂਪਟਨ ਪਾਰਕ, 337 5 (ਈਸਟ ਟਮਾਕੀ ਰੋਡ) 'ਤੇ ਕਰਵਾਏ ਜਾ ਰਹੇ ਹਨ[ ਇਸ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਕਬੱਡੀ ਫੈੱਡਰੇਸ਼ਨ ਆਫ ਨਿਊਜ਼ੀਲੈਂਡ ਦੇ ਪ੍ਰਧਾਨ ਸ. ਇਕਬਾਲ ਸਿੰਘ ਨੇ ਦੱਸਿਆ ਕਿ ਹੁਣ ਤੱਕ ਕਬੱਡੀ ਟੀਮਾਂ ਵਿੱਚ ਦੇਸ਼ ਪੰਜਾਬ ਸਪੋਰਟਸ ਕਲੱਬ, ਕਲਗੀਧਰ ਸਪੋਰਟਸ ਕਲੱਬ, ਵਾਇਕਾਟੋ ਕਲੱਬ, ਟਾਈਗਰ ਕਲੱਬ ਟੌਰੰਗਾ, ਭਾਗ ਸਿੰਘ ਸਪੋਰਟਸ ਕਲੱਬ ਹੇਸਟਿੰਗਜ਼, ਦਸਮੇਸ਼ ਕਲੱਬ ਟੀ ਪੁੱਕੀ, ਸ਼ਰਨ ਬੱਲ ਕਲੱਬ ਟੀ ਪੁੱਕੀ ਅਤੇ ਆਜ਼ਾਦ ਕਲੱਬ ਆਕਲੈਂਡ ਵੱਲੋਂ ਟੀਮਾਂ ਦਾ ਐਲਾਨ ਹੋ ਚੁੱਕਾ ਹੈ। ਮੁਕਾਬਲਿਆਂ ਦਾ ਪੋਸਟਰ ਸਿੱਖ ਕੌਂਸਲ ਦੇ ਕਮਿਊਨਿਟੀ ਹਾਲ 46 ਬ੍ਰੌਡਵੇਅ ਰੋਡ ਪਾਪਾਕੁਰਾ ਵਿਖੇ ਪ੍ਰਬੰਧਕਾਂ ਵੱਲੋਂ ਜਾਰੀ ਕੀਤਾ ਗਿਆ ਹੈ। ਇਸ ਮੌਕੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ, ਡਰੂਰੀ ਯੂਥ ਚੈਰੀਟੇਬਲ ਟਰੱਸਟ ਈਸਟ ਮਾਕੀ ਸਪੋਰਟਸ ਚੈਰੀਟੇਬਲ ਟਰੱਸਟ ਬਾਪੂ ਕੁਰਾ ਸਪੋਰਟਸ ਐਂਡ ਕਲਚਰ ਟਰੱਸਟ, ਈਸਟ ਟਮਾਕੀ ਸਪੋਰਟਸ ਚੈਰੀਟੇਬਲ ਟ੍ਰਸਟ, ਪਾਪਾਕੁਰਾ ਸਪੋਰਟਸ ਐਂਡ ਕਲਚਰਲ ਟ੍ਰਸਟ ਅਤੇ ਦੇਸ਼ ਪੰਜਾਬ ਸਪੋਰਟਸ ਕਲੱਬ ਦੇ ਮੈਂਬਰ ਹਾਜ਼ਰ ਸਨ। ਪ੍ਰਬੰਧਕਾਂ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਵਾਲੀਬਾਲ ਦੇ ਮੈਚਾਂ ਵਾਸਤੇ ਸਰਦਾਰ ਹਰਪਾਲ ਸਿੰਘ ਲੋਹੀ ਦੇ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਹੋਰ ਟੂਰਨਾਮੈਂਟ ਦੇ ਸਾਰੇ ਅਹੁਦੇਦਾਰਾਂ ਅਤੇ ਸਹਿਯੋਗੀਆਂ ਤੋਂ ਵੀ ਕਿਸੇ ਪ੍ਰਕਾਰ ਦੀ ਜਾਣਕਾਰੀ ਲਈ ਜਾ ਸਕਦੀ ਹੈ। ਸ.ਜਗਜੀਤ ਸਿੰਘ ਬੌਬੀ ਬਰਾੜ ਇਸ ਟੂਰਨਾਮੈਂਟ ਦੇ ਵਿੱਚ ਅਹਿਮ ਯੋਗਦਾਨ ਪਾ ਰਹੇ ਹਨ, ਉਨ੍ਹਾਂ ਦੇ ਵਿਸ਼ੇਸ਼ ਸੱਦੇ ਉੱਤੇ ਪੰਜਾਬੀ ਮੀਡੀਆ ਅਤੇ ਸਥਾਨਕ ਮੀਡੀਆ ਦੇ ਕਰਮੀ ਵੀ ਪੋਸਟਰ ਰਿਲੀਜ਼ ਕਰਨ ਸਮੇਂ ਮੌਜੂਦ ਸਨ। ਟੂਰਨਾਮੈਂਟਾਂ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਟੂਰਨਾਮੈਂਟ ਦੇ ਵਿੱਚ ਕਬੱਡੀ ਦਾ ਪਹਿਲਾ ਇਨਾਮ 1800 ਡਾਲਰ, ਦੂਜਾ 1500 ਡਾਲਰ ਜਦਕਿ ਵਾਲੀਬਾਲ ਦਾ ਪਹਿਲਾ ਇਨਾਮ 800 ਡਾਲਰ ਅਤੇ ਦੂਜਾ ਇਨਾਮ 500 ਡਾਲਰ ਰੱਖਿਆ ਗਿਆ ਹੈ।

# ਮੈਨੁਕਾਓ ਅਦਾਲਤ ਨੇ ਬਲਾਤਕਾਰ ਤੇ ਹਮਲਾ ਕਰਨ ਵਾਲੇ ਨੂੰ ਸਜਾ ਸੁਣਾਈ,15 ਸਾਲ ਬਾਅਦ ਅੜਿੱਕੇ ਆਇਆ ਦੋਸ਼ੀ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਇੱਕ ਆਦਮੀ ਨੂੰ ਨਾਰਥਲੈਂਡ ਵਿੱਚ ਕਾਇਤੀਆ ਦੀ ਇੱਕ ਔਰਤ ਦਾ ਬਲਾਤਕਾਰ ਕਰਨ ਅਤੇ ਉਸ 'ਤੇ ਹਮਲਾ ਕਰਨ 'ਤੇ ਸਜਾ ਸੁਣਾਈ ਗਈ ਹੈ। ਮਾਮਲਾ 2003 ਦਾ ਜਦੋਂ ਵਾਇਰਮੂ ਇਬਰਾਹੀਮ ਔਰਤ ਦੇ ਘਰ ਦਾਖਲ ਹੋਇਆ ਜਦੋਂ ਉਹ ਆਪਣੇ ਬੱਚਿਆਂ ਨਾਲ ਸੁੱਤੀ ਪਈ ਸੀ। ਉਸ ਨੇ ਬਲਾਤਕਾਰ ਕੀਤਾ ਅਤੇ ਉਸਨੂੰ ਜਖਮੀ ਕਰ ਦਿੱਤਾ। ਪਰ ਉਹ ਪੁਲਿਸ ਦੀ ਗ੍ਰਿਫਤ ਤੋਂ ਬਚ ਗਿਆ।

ਪਿਛਲੇ ਸਾਲ ਇਬਰਾਹਿਮ ਨੂੰ ਇਕ ਹੋਰ ਮਾਮਲੇ ਵਿਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਸ ਸਮੇਂ ਉਸ ਦੇ ਡੀਐਨਏ ਨੂੰ ਕਾਇਤੀਆ ਘਰ ਵਿਚ ਲਏ ਗਏ ਨਮੂਨਿਆਂ ਨਾਲ ਮਿਲਾਇਆ ਗਿਆ ਜੋ ਕੇ ਮੈਚ ਕਰ ਗਏ।

ਉਸ ਨੂੰ ਕੱਲ੍ਹ ਮੈਨਕਾਓ ਜ਼ਿਲ੍ਹਾ ਅਦਾਲਤ ਵਿਚ ਅੱਠ ਸਾਲ ਹੋਰ ਕਈ ਦੋਸ਼ਾਂ ਹੇਠ ਇਕ ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ। ਡਿਟੈਕਟਿਵ ਸਰਜੈਂਟ ਮਾਰਕ ਡੈਲਜ਼ਲ ਨੇ ਕਿਹਾ ਕਿ ਔਰਤ ਨੂੰ ਬਹੁਤ ਸਰੀਰਕ ਸੱਟਾਂ ਦਾ ਸਾਹਮਣਾ ਕਰਨਾ ਪਿਆ ਸੀ। ਉਨ੍ਹਾਂ ਕਿਹਾ, "ਇਹ ਇਕ ਹੈਰਾਨਕੁਨ ਤਾਨਾਸ਼ਾਹੀ ਹਮਲਾ ਹੈ ਅਤੇ ਇਸ ਤਰ੍ਹਾਂ ਦੇ ਅਪਰਾਧ ਸਾਡੇ ਕਸਬੇ ਵਿਚ ਬਹੁਤ ਘੱਟ ਹਨ, ਅਸੀਂ ਔਰਤ ਨਾਲ ਵਾਅਦਾ ਕੀਤਾ ਸੀ ਕਿ ਅਸੀਂ ਇਸ ਕੇਸ ਨੂੰ ਬੰਦ ਨਹੀਂ ਕਰਾਂਗੇ ਅਤੇ ਅਸੀਂ ਇਸ ਨੂੰ ਹੱਲ ਕਰਨ ਦਾ ਪੱਕਾ ਇਰਾਦਾ ਕੀਤਾ ਸੀ।

# ਵੈਂਗਨੂਈ 'ਚ ਛੁਰੇਬਾਜੀ ਦੀ ਘਟਨਾ, ਇੱਕ ਦੀ ਮੌਤ 5 ਜਖਮੀ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਕੇਂਦਰੀ ਵੈਂਗਨੂਈ ਵਿੱਚ ਦੁਪਹਿਰ ਦੇ ਬਾਅਦ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ, ਜਿਸ ਤੋਂ ਬਾਅਦ ਪੁਲੀਸ ਨੇ ਹੱਤਿਆ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਡਿਟੈਕਟਿਵ ਇੰਸਪੈਕਟਰ ਪਾਲ ਬਾਸਕੇਟ ਨੇ ਕਿਹਾ ਕਿ ਪੰਜ ਲੋਕਾਂ ਨੂੰ ਵੈਂਗਨੂਈ ਹਸਪਤਾਲ ਵਿੱਚ ਲਿਜਾਇਆ ਗਿਆ ਹੈ ਅਤੇ ਛੇਵੇਂ ਵਿਅਕਤੀ ਦੀ ਮੌਕੇ 'ਤੇ ਮੌਤ ਹੋ ਗਈ ਸੀ। ਘਟਨਾ ਵਾਲੀ ਥਾਂ ਸੜਕ ਖੂਨ ਨਾਲ ਲੱਥ-ਪੱਥ ਸੀ। ਕਿਹਾ ਜਾ ਰਿਹਾ ਹੈ ਕਿ ਇਸ ਘਟਨਾ ਲਈ ਜਿੰਮੇਵਾਰ ਕੁੱਝ ਲੋਕਾਂ ਨੂੰ ਪੁਲਿਸ ਨੇ ਹਿਰਾਸਤ ਵਿੱਚ ਲਿਆ ਹੈ ਪਰ ਅਜੇ ਤੱਕ ਇਸ ਦੀ ਪੁਸ਼ਟੀ ਪੁਲਿਸ ਵੱਲੋਂ ਨਹੀਂ ਕੀਤੀ ਗਈ।

# ਸਿਰਫ ਖਾਣ ਲਈ ਜ਼ਿੰਦਾ ਹੈ 317 ਕਿਲੋ ਦੀ ਕੇਸੀ ਕਿੰਗ



ਜਾਰਜੀਆ— ਦੁਨੀਆ 'ਚ ਇਕ ਪਾਸੇ ਜਿਥੇ ਲੋਕ ਆਪਣੇ ਵਧਦੇ ਭਾਰ ਤੋਂ ਪਰੇਸ਼ਾਨ ਹਨ, ਉਥੇ ਦੂਜੇ ਪਾਸੇ ਇਕ ਅਜਿਹਾ ਵਿਅਕਤੀ ਵੀ ਹੈ, ਜਿਸ ਨੂੰ ਆਪਣੇ ਮੋਟੇ ਹੋਣ ਦੀ ਚਿੰਤਾ ਹੀ ਨਹੀਂ ਹੈ। 34 ਸਾਲ ਦੇ ਇਸ ਵਿਅਕਤੀ ਦਾ ਨਾਂ ਹੈ ਕੇਸੀ ਕਿੰਗ। ਇਸ ਦਾ ਭਾਰਤ ਜਾਣ ਕੇ ਤੁਸੀਂ ਹੈਰਾਨ ਰਹਿ ਜਾਓਗੇ ਜੋ ਕਿ ਪੂਰੇ 317 ਕਿਲੋ ਹੈ। ਇੰਨਾ ਜ਼ਿਆਦਾ ਭਾਰ ਹੋਣ ਦੇ ਬਾਵਜੂਦ ਕੇਸੀ ਦੀ ਖਾਣੇ ਦੀ ਭੁੱਖ ਕਦੇ ਘੱਟ ਨਹੀਂ ਹੁੰਦੀ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਜ਼ਿੰਦਾ ਹੈ ਤਾਂ ਸਿਰਫ ਖਾਣ ਲਈ। ਉਹ ਕਹਿੰਦੇ ਹਨ ਕਿ ਜਦੋਂ ਤੱਕ ਮੈਂ ਮਰ ਨਹੀਂ ਜਾਂਦਾ ਉਦੋਂ ਤੱਕ ਖਾਂਦਾ ਹੀ ਰਹਾਂਗਾ। ਕੇਸੀ ਕਿੰਗ ਅਮਰੀਕਾ ਦੇ ਜਾਰਜੀਆ 'ਚ ਰਹਿੰਦੇ ਹਨ। ਕੇਸੀ ਜ਼ਿਆਦਾ ਤੁਰ-ਫਿਰ ਨਹੀਂ ਸਕਦੇ।

# ਸ. ਬਖਸ਼ੀ ਨੇ ਪਰਵਾਸੀਆਂ ਸਬੰਧੀ ਭਾਰਤ ਸਰਕਾਰ ਕੋਲ ਚੁੱਕਿਆ ਅਹਿਮ ਮੁੱਦਾ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜੀਲੈਂਡ ਦੇ ਸਾਂਸਦ ਸ. ਕੰਵਲਜੀਤ ਸਿੰਘ ਬਖਸ਼ੀ ਇਨ੍ਹੀਂ ਦਿਨੀਂ ਭਾਰਤ ਦੇ ਵਿਚ ਚੱਲ ਰਹੇ 15ਵੇਂ ਪ੍ਰਵਾਸੀ ਭਾਰਤੀ ਦਿਵਸ ਦੇ ਵਿਚ ਸ਼ਾਮਿਲ ਹੋਣ ਆਏ ਹੋਏ ਹਨ। ਉਨ੍ਹਾਂ ਵੱਲੋਂ ਭਾਰਤ ਸਰਕਾਰ ਕੋਲ ਦੋਹਰੀ ਨਾਗਰਿਕਤਾ ਦਾ ਮੁੱਦਾ ਉਠਾਇਆ ਗਿਆ ਹੈ। ਉਨ੍ਹਾਂ ਵੱਲੋਂ ਨੌਜਵਾਨਾਂ ਨੂੰ ਵੀ ਅੱਗੇ ਆਉਣ ਨੂੰ ਕਿਹਾ ਗਿਆ ਹੈ। ਨੌਜਵਾਨ ਵਰਗ ਨੂੰ ਉਨਾਂ ਅਪੀਲ ਕੀਤੀ ਕਿ ਉਹ ਆਪਣੇ ਭਾਈਚਾਰੇ, ਸੁਸਾਇਟੀ ਅਤੇ ਰਾਸ਼ਟਰ ਪੱਧਰ ਉਤੇ ਆਪਣਾ ਯੋਗਦਾਨ ਪਾਉਣ। ਉਨ੍ਹਾਂ ਨੇ ਖੇਤੀ-ਬਾੜੀ ਸੈਕਟਰ ਵਿੱਚ ਨਿਉਜੀਲੈਂਡ ਵੱਲੋਂ ਸਹਿਯੋਗ ਦੀ ਪੇਸ਼ਕਸ਼ ਵੀ ਕੀਤੀ ਗਈ।ਇਸ ਮੌਕੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਅਤੇ ਯੂ ਪੀ ਦੇ ਮੁੱਖ ਮੰਤਰੀ ਸ੍ਰੀ ਯੋਗੀ ਵੀ ਮੌਜੂਦ ਸਨ।


